ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਨਿਗਮ ਲਿਮਿਟਡ
(ਪੰਜਾਬ ਸਰਕਾਰ ਦਾ ਇੱਕ ਅਦਾਰਾ)
ਮੁੱਖ ਦਫਤਰ-ਐਸ.ਸੀ.ਓ. ਨੰ: 8-9-10, ਫੇਸ-1 (ਸੈਕਟਰ-55), ਸਾਹਿਬਜਾਦਾ ਅਜੀਤ ਸਿੰਘ ਨਗਰ
ਈ-ਮੇਲ-mdpwrmdc@punjab.gov.in ਟੈਲੀਫੋਨ-0172-2220077 ਵੈਬਸਾਈਟ-pwrmdc.punjab.gov.in
CIN – U74999CH1970SGC002980.

---

## (ਕਾਊਂਸਲਿੰਗ ਸਬੰਧੀ ਜਨਤਕ ਸੂਚਨਾ)

ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਨਿਗਮ ਲਿਮਿਟਡ ਵੱਲੋਂ ਜਾਰੀ ਇਸ਼ਤਿਹਾਰ ਨੰਬਰ: 01 ਆਫ 2021 ਰਾਂਹੀ ਕੰਪਨੀ ਸੈਕਟਰੀ (01), ਟਿਊਬਵੈੱਲ ਉਪਰੇਟਰ (253) ਅਤੇ ਇਲੈਕਟ੍ਰੀਸ਼ਨ (08) ਕੈਡਰ ਦੀਆਂ ਕੁੱਲ 262 ਅਸਾਮੀਆਂ ਦੀ ਸਿੱਧੀ ਭਰਤੀ ਲਈ ਆਨਲਾਈਨ ਅਰਜੀਆਂ ਦੀ ਮੰਗ ਕੀਤੀ ਗਈ ਸੀ। ਇਹਨਾਂ ਅਸਾਮੀਆਂ ਦੀ ਲਿਖਤੀ ਪ੍ਰੀਖਿਆ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਮਿਤੀ 10-10-2021 ਨੂੰ ਲਈ ਗਈ ਸੀ। ਇਸ ਲਿਖਤੀ ਇਮਤਿਹਾਨ ਦੀ ਮੈਰਿਟ ਸੂਚੀਆਂ ਦੇ ਆਧਾਰ ਤੇ ਨਿਗਮ ਵੱਲੋਂ ਉਮੀਦਵਾਰਾਂ ਦੀ ਕਾਊਂਸਲਿੰਗ ਕੀਤੀ ਗਈ ਸੀ। ਹੁਣ ਨਿਗਮ ਵੱਲੋਂ ਮੈਰਿਟ ਸੂਚੀਆਂ ਦੇ ਆਧਾਰ ਤੇ ਅਗਲੇ ਉਮੀਦਵਾਰਾਂ ਨੂੰ ਕਾਊਂਸਲਿੰਗ ਲਈ ਨਿਗਮ ਦੇ ਮੁੱਖ ਦਫਤਰ ਐਸ.ਸੀ.ਓ. ਨੰ: 8-9-10, ਫੇਸ-1 (ਸੈਕਟਰ-55), ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਬੁਲਾਇਆ ਜਾਂਦਾ ਹੈ। ਕਾਊਂਸਲਿੰਗ ਦਾ ਵਿਸਥਾਰਪੂਰਵਕ ਵੇਰਵਾ ਅਤੇ ਜਰੂਰੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ :-

**ਕੈਡਰ ਦਾ ਨਾਂ (ਇਲੈਕਟ੍ਰੀਸ਼ਨ)**

| ਲੜ੍ਹੀ ਨੰ: | ਕੌਂਸਲਿੰਗ ਦੀ ਮਿਤੀ ਅਤੇ ਸਮਾਂ | ਕੈਟਾਗਰੀ | ਸਬੰਧਤ ਕੈਟਾਗਰੀ ਵਿੱਚ ਮੈਰਿਟ ਨੰਬਰ | ਬੁਲਾਏ ਗਏ ਉਮੀਦਵਾਰਾਂ ਦੀ ਗਿਣਤੀ |
|---|---|---|---|---|
| 1. | 27-06-2022 ਸਵੇਰੇ 09.00 ਵਜੇ ਤੋਂ | ਅਨੁਸੂਚਿਤ ਜਾਤੀ (M&B) | ਮੈਰਿਟ ਨੰ: 04 ਤੋਂ 10 ਤੱਕ | 07 |
| 2. | 27-06-2022 ਸਵੇਰੇ 09.00 ਵਜੇ ਤੋਂ | ਅਨੁਸੂਚਿਤ ਜਾਤੀ (R&O) | ਮੈਰਿਟ ਨੰ: 03 ਤੋਂ 07 ਤੱਕ | 05 |

**ਕੈਡਰ ਦਾ ਨਾਂ (ਟਿਊਬਵੈੱਲ ਉਪਰੇਟਰ)**

| ਲੜ੍ਹੀ ਨੰ: | ਕੌਂਸਲਿੰਗ ਦੀ ਮਿਤੀ ਅਤੇ ਸਮਾਂ | ਕੈਟਾਗਰੀ | ਸਬੰਧਤ ਕੈਟਾਗਰੀ ਵਿੱਚ ਮੈਰਿਟ ਨੰਬਰ | ਬੁਲਾਏ ਗਏ ਉਮੀਦਵਾਰਾਂ ਦੀ ਗਿਣਤੀ |
|---|---|---|---|---|
| 1. | 27-06-2022 ਸਵੇਰੇ 09.00 ਵਜੇ ਤੋਂ | ਜਨਰਲ | ਮੈਰਿਟ ਨੰ: 142 ਤੋਂ 220 ਤੱਕ | 119 |
| | 28-06-2022 ਸਵੇਰੇ 09.00 ਵਜੇ ਤੋਂ | ਜਨਰਲ | ਮੈਰਿਟ ਨੰ: 221 ਤੋਂ 260 ਤੱਕ | |
| 2. | 28-06-2022 ਸਵੇਰੇ 09.00 ਵਜੇ ਤੋਂ | ਅਨੁਸੂਚਿਤ ਜਾਤੀ (M&B) | ਮੈਰਿਟ ਨੰ: 39 ਤੋਂ 56 ਤੱਕ | 18 |
| 3. | 28-06-2022 ਸਵੇਰੇ 09.00 ਵਜੇ ਤੋਂ | ਪਛੜੀ ਸ਼੍ਰੇਣੀ | ਮੈਰਿਟ ਨੰ: 61 ਤੋਂ 90 ਤੱਕ | 30 |

### <u>ਕਾਊਂਸਲਿੰਗ ਸਬੰਧੀ ਹਦਾਇਤਾਂ</u>

1. ਜਿਹਨਾਂ ਉਮੀਦਵਾਰਾਂ ਦੀ ਕਾਊਂਸਲਿੰਗ ਸਬੰਧਤ ਕੈਡਰ ਦੀ ਕਿਸੇ ਹੋਰ ਕੈਟਾਗਰੀ ਅਧੀਨ ਪਹਿਲਾਂ ਹੀ ਹੋ ਚੁੱਕੀ ਹੈ ਜਾਂ ਨਿਯੁਕਤੀ ਪੱਤਰ ਜਾਰੀ ਹੋ ਚੁੱਕੇ ਹਨ, ਉਹਨਾਂ ਨੂੰ ਕਾਊਂਸਲਿੰਗ ਵਿੱਚ ਆਉਣ ਦੀ ਜਰੂਰਤ ਨਹੀਂ ਹੈ।
2. ਉਮੀਦਵਾਰ ਆਪਣੇ ਅਸਲ ਦਸਤਾਵੇਜਾਂ ਅਤੇ ਉਹਨਾਂ ਦੀ ਇੱਕ-ਇੱਕ ਸਵੈ-ਤਸਦੀਕਸ਼ੁਦਾ ਕਾਪੀ ਸਮੇਤ ਉੱਪਰ ਦਰਸਾਏ ਵੇਰਵੇ ਅਨੁਸਾਰ ਕਾਊਂਸਲਿੰਗ ਵਿੱਚ ਹਾਜਰ ਹੋਣਾ ਯਕੀਨੀ ਬਣਾਉਣ। ਕਾਊਂਸਲਿੰਗ ਵਿੱਚ ਨਾਮ ਆ ਜਾਣ ਅਤੇ ਹਾਜਰ ਹੋਣ ਨਾਲ ਕੋਈ ਵੀ ਉਮੀਦਵਾਰ ਸਬੰਧਤ ਅਸਾਮੀ ਤੇ ਨਿਯੁਕਤੀ ਦਾ ਪਾਤਰ ਨਹੀਂ ਬਣ ਜਾਂਦਾ। ਉਮੀਦਵਾਰ ਵੱਲੋਂ Notice Inviting Recruitment ਅਨੁਸਾਰ ਸਬੰਧਤ ਅਸਾਮੀ ਲਈ ਨਿਰਧਾਰਤ ਵਿੱਦਿਅਕ ਯੋਗਤਾ, ਲੋੜੀਂਦੇ ਦਸਤਵੇਜ਼ ਅਤੇ ਹੋਰ ਸ਼ਰਤਾਂ ਪੂਰੀਆਂ ਨਾ ਕਰਨ ਦੀ ਸੂਰਤ ਵਿੱਚ ਉਸ ਦੀ ਉਮੀਦਵਾਰੀ ਰੱਦ ਕਰ ਦਿੱਤੀ ਜਾਵੇਗੀ।

ਚਲਦਾ ਪੰਨਾ...............2

3. ਕਾਉਂਸਲਿੰਗ ਦੌਰਾਨ ਉਮੀਦਵਾਰ ਕੋਵਿਡ-19 ਸਬੰਧੀ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਣਗੇ।
4. ਉਮੀਦਵਾਰਾਂ ਨੂੰ ਕੌਂਸਲਿੰਗ ਦੌਰਾਨ ਇੱਕ ਪੜਤਾਲ ਫਾਰਮ ਦਿੱਤਾ ਜਾਵੇਗਾ, ਜੋ ਕਿ ਉਮੀਦਵਾਰ ਵੱਲੋਂ ਉੱਥੇ ਹੀ ਭਰਿਆ ਜਾਵੇਗਾ। ਇਸ **ਪੜਤਾਲ ਫਾਰਮ ਦਾ ਨਮੂਨਾ ਅੱਪਲੋਡ** ਕੀਤਾ ਹੋਇਆ ਹੈ, ਜਿਸ ਨੂੰ ਉਮੀਦਵਾਰ ਚੰਗੀ ਤਰ੍ਹਾਂ ਦੇਖ ਲੈਣ ਤਾਂ ਕਿ ਕੌਂਸਲਿੰਗ ਸਮੇਂ ਕੋਈ ਔਕੜ ਨਾ ਆਵੇ।
5. Notice Inviting Recruitment ਦੇ ਅਨੁਸਾਰ ਭਾਰਤ ਦੀ ਨਾਗਰਿਕਤਾ ਤੋਂ ਇਲਾਵਾ ਹੋਰ ਦੇਸ਼ਾਂ ਦੇ ਨਾਗਰਿਕ ਸਮਰੱਥ ਅਥਾਰਟੀ ਵੱਲੋਂ ਜਾਰੀ ਲੋੜੀਂਦਾ ਸਰਟੀਫਿਕੇਟ ਪੇਸ਼ ਕਰਨਾ ਯਕੀਨੀ ਬਣਾਉਣਗੇ।
6. ਉਮੀਦਵਾਰਾਂ ਨੂੰ ਕੌਂਸਲਿੰਗ ਤੇ ਆਉਣ ਲਈ ਕੋਈ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ। ਜੇਕਰ ਸਬੰਧਤ ਉਮੀਦਵਾਰਾਂ ਦੀ ਕੌਂਸਲਿੰਗ ਅਗਲੇ ਦਿਨ ਤੱਕ ਜਾਰੀ ਰਹਿੰਦੀ ਹੈ ਤਾਂ ਉਹ ਆਪਣੇ ਰਹਿਣ ਆਦਿ ਦਾ ਪ੍ਰਬੰਧ ਖੁਦ ਆਪਣੇ ਖਰਚੇ ਤੇ ਕਰਨਗੇ।
7. ਉਮੀਦਵਾਰ ਪੜਤਾਲ ਫਾਰਮ ਦੀ ਤਰਤੀਬ ਅਨੁਸਾਰ ਆਪਣੇ ਦਸਤਾਵੇਜ਼ਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਇੱਕ ਫਾਈਲ ਕਵਰ ਵਿੱਚ ਟੈਗ ਨਾਲ ਨੱਥੀ ਕਰਕੇ ਪੇਸ਼ ਕਰਨਾ ਯਕੀਨੀ ਬਣਾਉਣਗੇ ਅਤੇ ਨਾਲ ਹੀ ਪੜਤਾਲ ਫਾਰਮ ਦੀ ਤਰਤੀਬ ਅਨੁਸਾਰ ਆਪਣੇ ਅਸਲ ਦਸਤਾਵੇਜ਼ ਵੀ ਪੇਸ਼ ਕਰਨੇ ਯਕੀਨੀ ਬਣਾਉਣਗੇ।
8. ਉਮੀਦਵਾਰ ਉੱਪਰ ਦਰਸਾਏ ਵੇਰਵੇ ਅਨੁਸਾਰ **ਕੌਂਸਲਿੰਗ ਲਈ ਨਿਰਧਾਰਿਤ ਸਮੇਂ ਤੋਂ ਅੱਧਾ ਘੰਟਾ ਪਹਿਲਾਂ ਕੌਂਸਲਿੰਗ ਸਥਾਨ (ਐਸ.ਸੀ.ਓ. ਨੰ: 8-9-10, ਫੇਜ਼-1 (ਸੈਕਟਰ-55), ਸਾਹਿਬਜ਼ਾਦਾ ਅਜੀਤ ਸਿੰਘ ਨਗਰ)** ਤੇ ਪਹੁੰਚਣਾ ਯਕੀਨੀ ਬਣਾਉਣਗੇ ਅਤੇ ਕੌਂਸਲਿੰਗ ਲਈ ਪੜਤਾਲ ਫਾਰਮ ਅਨੁਸਾਰ ਆਪਣੇ ਨਾਲ ਹੇਠ ਦਰਸਾਏ **ਅਸਲ ਦਸਤਾਵੇਜ/ਸਰਟੀਫਿਕੇਟ** ਨਾਲ ਲੈ ਕੇ ਆਉਣਗੇ :-

| ਲੜੀ ਨੰ: | ਦਸਤਾਵੇਜ |
|---|---|
| i. | ਆਨਲਾਈਨ ਐਪਲੀਕੇਸ਼ਨ ਫਾਰਮ |
| ii. | 05 ਰੰਗੀਨ ਪਾਸਪੋਰਟ ਸਾਈਜ਼ ਫੋਟੋਗਰਾਫ |
| iii. | ਜਨਮ ਮਿਤੀ ਦੇ ਸਬੂਤ ਵਜੋਂ ਦਸਵੀਂ ਦਾ ਸਰਟੀਫਿਕੇਟ ਜਾਂ ਜਨਮ ਸਰਟੀਫਿਕੇਟ |
| iv. | ਸ਼ਨਾਖਤੀ ਸਬੂਤ ਵਜੋਂ ਆਧਾਰ ਕਾਰਡ/ਵੋਟਰ ਕਾਰਡ/ਪਾਸਪੋਰਟ/ਡਰਾਈਵਿੰਗ ਲਾਈਸੈਂਸ (ਕੋਈ ਇੱਕ) |
| v. | ਤਾਜਾ ਜਾਰੀ ਕੀਤਾ ਪੰਜਾਬ ਰਿਹਾਇਸ਼ੀ ਸਰਟੀਫਿਕੇਟ (ਰਾਖਵੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਲਈ) (ਪੰਜ ਸਾਲ ਤੋਂ ਘੱਟ ਪੁਰਾਣਾ) |
| vi. | (ਕੇਵਲ ਪਛੜੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਲਈ)<br>ਭਲਾਈ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕਰੀਮੀਲੇਅਰ ਲਈ ਆਮਦਨ ਆਦਿ ਨਾਲ ਸਬੰਧਤ ਵੇਰਵਿਆਂ ਦਾ ਜਿਕਰ ਕਰਦੇ ਹੋਏ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਸਵੈ-ਘੋਸ਼ਣਾ ਪੱਤਰ (ਨਮੂਨਾ NIR ਵਿੱਚ ਪੰਨਾ ਨੰ: 21 Annexure-II ਤੇ ਦਰਸਾਇਆ ਗਿਆ ਹੈ) |
| vii. | ਰਿਜ਼ਰਵੇਸ਼ਨ ਲਈ ਸਬੰਧਤ ਜਾਤੀ/ਸ਼੍ਰੇਣੀ ਦਾ ਸਰਟੀਫਿਕੇਟ |
| viii. | ਜੇਕਰ ਉਮੀਦਵਾਰ ਸਰਕਾਰੀ ਕਰਮਚਾਰੀ ਹੈ ਤਾਂ ਸਬੰਧਤ ਵਿਭਾਗ ਵੱਲੋਂ ਜਾਰੀ NOC ਅਤੇ ਯੋਗ ਪ੍ਰਣਾਲੀ ਰਾਂਹੀ ਅਪਲਾਈ ਕਰਨ ਸਬੰਧੀ ਸਬੂਤ |
| ix. | ਜੇਕਰ ਉਮੀਦਵਾਰ ਉਮਰ ਦੀ ਉੱਪਰਲੀ ਹੱਦ ਵਿੱਚ ਕਿਸੇ ਪ੍ਰਕਾਰ ਦੀ ਛੋਟ ਦੀ ਸ਼੍ਰੇਣੀ ਵਿੱਚ ਆਉਂਦਾ ਹੈ ਤਾਂ ਸਮਰੱਥ ਅਥਾਰਟੀ ਵੱਲੋਂ ਜਾਰੀ ਸਰਟੀਫਿਕੇਟ |
| x. | Notice Inviting Recruitment ਵਿੱਚ ਪੰਨਾ ਨੰ: 20 Annexure-I ਤੇ ਦਰਸਾਇਆ ਲੋੜੀਂਦਾ ਹਲਫੀਆ ਬਿਆਨ (ਪਹਿਲਾ ਦਰਜਾ ਮੈਜਿਸਟਰੇਟ ਤੋਂ ਤਸਦੀਕਸ਼ੁਦਾ) |
| xi. | Notice Inviting Recruitment ਵਿੱਚ ਪੰਨਾ ਨੰ: 29 Annexure-VIII ਤੇ ਦਰਸਾਇਆ ਲੋੜੀਂਦਾ ਹਲਫੀਆ ਬਿਆਨ (ਪਹਿਲਾ ਦਰਜਾ ਮੈਜਿਸਟਰੇਟ ਤੋਂ ਤਸਦੀਕਸ਼ੁਦਾ) |
| xii. | ਦਸਵੀਂ ਪੱਧਰ ਤੇ ਪੰਜਾਬੀ ਪਾਸ ਹੋਣ ਸਬੰਧੀ ਸਰਟੀਫਿਕੇਟ |
| xiii. | ਵਿੱਦਿਅਕ ਯੋਗਤਾ ਸਬੰਧੀ ਸਾਰੇ ਸਰਟੀਫਿਕੇਟ। |

ਮਿਤੀ: 20-06-2022

ਮੰਡਲ ਇੰਜੀਨੀਅਰ (ਅਮਲਾ),
ਵਾਸਤੇ ਮੈਨੇਜਿੰਗ ਡਾਇਰੈਕਟਰ, ਪਜਸਪਵਲ ਲਿ;
ਸਾਹਿਬਜਾਦਾ ਅਜੀਤ ਸਿੰਘ ਨਗਰ